# ਇੱਕੀਵੀਂ ਸਦੀ

[ਨਗਾਰੇ ਦੀ ਤਾਲ 'ਤੇ ਚਾਰ ਪਾਤਰ ਮੰਚ 'ਤੇ ਪ੍ਰਵੇਸ਼ ਕਰਦੇ ਹਨ। ਚੱਕਰ ਲਗਾ ਕੇ ਇਕ ਕੰਪੋਜੀਸ਼ਨ ਵਿਚ ਖਲੋ ਜਾਂਦੇ ਹਨ।]

ਇਕ : ਵੀਹਵੀਂ ਸਦੀ ਹੈ ਜਾ ਰਹੀ
ਇੱਕੀਵੀਂ ਸਦੀ ਹੈ ਆ ਰਹੀ
ਮੌਤ 'ਤੇ ਜ਼ਿੰਦਗੀ ਦੀ ਲੜਾਈ
ਨਿਖਰ ਕੇ ਸਾਹਮਣੇ ਹੈ ਆ ਰਹੀ

ਦੋ : ਮਨੁੱਖ ਸੀ ਕਦੀ ਜ਼ਿੰਦਗੀ ਦਾ ਸਰਦਾਰ
ਦੁਨੀਆਂ ਵਿਚ ਵਾਪਰ ਰਹੀ ਹਰ ਘਟਨਾ ਦਾ ਕਿਰਦਾਰ
ਉਹਦੇ ਲਈ ਫ਼ੈਸਲੇ ਦੀ ਘੜੀ ਹੈ ਆ ਰਹੀ
ਵੀਹਵੀਂ ਸਦੀ ਹੈ ਜਾ ਰਹੀ ਇੱਕੀਵੀਂ ਸਦੀ ਹੈ ਆ ਰਹੀ

ਤਿੰਨ : ਸਾਇੰਸ ਜੋ ਸੀ ਮਨੁੱਖ ਦੀ ਕਾਢ
ਜਿਸ ਨੇ ਦਿੱਤਾ ਸੀ ਉਹਦਾ ਹਰ ਤਰੱਕੀ ਵਿਚ ਸਾਥ
ਉਹੀ ਹੋ ਕੇ ਉਹਦੀ ਜਾਨ ਲੇਵਾ
ਹਰ ਦਿਸ਼ਾ ਵਿਚ ਹੈ ਛਾ ਰਹੀ
ਵੀਹਵੀਂ ਸਦੀ ਹੈ ਜਾ ਰਹੀ, ਇੱਕੀਵੀਂ ਸਦੀ ਹੈ ਆ ਰਹੀ

ਚਾਰ : ਕੀ ਮਨੁੱਖ ਕਰੇਗਾ ਇਹ ਚੁਣੌਤੀ ਕਬੂਲ
ਕੀ ਹੋਣੀ ਵਿਚੋਂ ਪਛਾਣੇਗਾ ਆਪਣਾ ਮੂਲ
ਇਕ ਗੱਲ ਸਵਾਲ ਬਣ ਕੇ ਸਾਹਮਣੇ ਹੈ ਆ ਰਹੀ
ਵੀਹਵੀਂ ਸਦੀ ਹੈ ਜਾ ਰਹੀ, ਇੱਕੀਵੀਂ ਸਦੀ ਹੈ ਆ ਰਹੀ

*(ਨਗਾਰੇ ਦੀ ਤਾਲ ਤੇਜ਼ ਹੁੰਦੀ ਹੈ। ਪਾਤਰ ਏਧਰ ਉਧਰ ਤੇਜ਼ੀ ਨਾਲ ਹਰਕਤ ਕਰਦੇ ਹਨ, ਦੋ ਹੋਰ ਪਾਤਰ ਬਾਕੀ ਪਾਤਰਾਂ ਨਾਲ ਸ਼ਾਮਲ ਹੋ ਜਾਂਦੇ ਹਨ। ਤਾਲ ਜਦੋਂ ਬੰਦ ਹੁੰਦੀ ਹੈ ਤਾਂ ਉਨ੍ਹਾਂ ਵਿਚੋਂ ਤਿੰਨ ਪਾਤਰਾਂ ਨੇ ਟੈਲੀਵਿਜ਼ਨ ਬਣਾ ਲਿਆ ਹੈ ਤੇ ਬਾਕੀ ਤਿੰਨ ਟੈਲੀਵਿਜ਼ਨ ਦੇ ਦਰਸ਼ਕ ਬਣ ਕੇ ਬੈਠ ਗਏ ਹਨ। ਟੈਲੀਵਿਜ਼ਨ ਦੀ ਸਕਰੀਨ 'ਤੇ ਇਕ ਪਾਤਰ ਆਉਂਦਾ ਹੈ। ਉਹਦਾ ਪਹਿਰਾਵਾ ਅਤੇ ਬੋਲਣ ਦਾ ਲਹਿਜ਼ਾ ਭਾਰਤ ਦੇ ਨੇਤਾਵਾਂ ਵਾਲਾ ਹੈ।)*

ਪਾਤਰ : ਅਸੀਂ ਵਧ ਰਹੇ ਹਾਂ ਇੱਕੀਵੀਂ ਸਦੀ ਵੱਲ...ਅਸੀਂ ਸਾਇੰਸ ਟੈਕਨਾਲੋਜੀ ਵਿਚ ਕਿਸੇ ਨਾਲੋਂ ਪਿੱਛੇ ਨਾ ਰਹੀਏ...ਇਹ ਅਸੀਂ ਦੇਖਣਾ ਹੈ...ਅਸੀਂ ਲਿਜਾਣਾ ਹੈ ਆਪਣੇ ਦੇਸ਼ ਨੂੰ ਅੱਗੇ...ਅਸੀਂ ਵਧਾਣਾ ਹੈ ਕਦਮ ਅੱਗੇ। ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਵੀਹਵੀਂ ਸਦੀ ਜਾ ਰਹੀ ਹੈ, ਇੱਕੀਵੀਂ ਸਦੀ ਆ ਰਹੀ ਹੈ।

*(ਟੈਲੀਵਿਜ਼ਨ ਦੀ ਸਾਰੀ ਕੰਪੋਜੀਸ਼ਨ ਅੱਗੇ ਤੁਰਨ ਲੱਗ ਪੈਂਦੀ ਹੈ। ਉਹ ਪਾਤਰ ਜੋ ਟੈਲੀਵਿਜ਼ਨ ਦੇ ਦਰਸ਼ਕ ਹਨ, ਉਹ ਪਿੱਛੇ ਹਟਣਾ ਸ਼ੁਰੂ ਕਰ ਦੇਂਦੇ ਹਨ। ਸਾਰੀ ਮੂਵਮੈਂਟ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਇੱਕੀਵੀਂ ਸਦੀ ਉਨ੍ਹਾਂ ਉੱਤੇ ਚੜ੍ਹੀ ਆ ਰਹੀ ਹੈ। ਉਹ ਸਹਿਮੇ ਹੋਏ ਹਨ। ਹਰਮੋਨੀਅਮ ਅਤੇ ਨਗਾਰੇ ਦੀ ਤਾਲ ਵਿਚ ਭੈਅ ਦਾ ਪ੍ਰਭਾਵ ਹੈ। ਇਕ ਥਾਂ ਜਾ ਕੇ ਟੈਲੀਵਿਜ਼ਨ ਦੀ ਕੰਪੋਜੀਸ਼ਨ ਠੁੱਡਾ ਖਾ ਕੇ ਡਿੱਗ ਪੈਂਦੀ ਹੈ। ਸੰਗੀਤ ਦੀ ਲੈਅ ਵਿਚ ਥਰ-ਥਰ ਆਵਾਜ਼ ਆਉਂਦੀ ਜਾ ਰਹੀ ਹੈ—'ਇੱਕੀਵੀਂ ਸਦੀ ਆ ਰਹੀ ਹੈ' ਡਿੱਗੇ ਪਾਤਰ ਜਦੋਂ ਉੱਠਦੇ ਹਨ ਤਾਂ ਪਾਣੀ ਵਿਚ ਟੁੱਬੀ ਲਗਾਉਣ ਦੀ ਮੁਦਰਾ ਵਿਚ ਉੱਤੇ ਹੇਠਾਂ ਹੋਣ ਲੱਗ ਪੈਂਦੇ ਹਨ।)*

ਇਕ ਆਵਾਜ਼ : ਇੱਕੀਵੀਂ ਸਦੀ ਆ ਰਹੀ ਹੈ, ਇਸ ਲਈ ਸਾਨੂੰ ਗੰਗਾ ਮਈਆ ਵਿਚ ਟੁੱਬੀਆਂ ਮਾਰਨੀਆਂ ਚਾਹੀਦੀਆਂ ਹਨ ਅਤੇ ਆਪਣੇ ਪਾਪਾਂ ਤੋਂ ਮੁਕਤੀ ਪਾਉਣੀ ਚਾਹੀਦੀ ਹੈ।

*(ਸੰਗੀਤ ਦੀ ਲੈਅ ਉਹ ਟੁੱਬੀਆਂ ਮਾਰਨ ਦਾ ਐਕਸ਼ਨ ਇਕ ਨਾਚ ਦੀ ਸ਼ਕਲ ਇਖਤਿਆਰ ਕਰ ਲੈਂਦਾ ਹੈ।)*

ਨੋਟ : ਇਸ ਵਿਅੰਗ ਨੂੰ ਪੂਰੀ ਤਰ੍ਹਾਂ ਸਥਾਪਤ ਕਰਨਾ ਹੈ ਕਿ ਇਕ ਪਾਸੇ ਤਾਂ ਸਾਇੰਸ ਤਰੱਕੀ ਕਰ ਰਹੀ ਹੈ ਤੇ ਦੂਜੇ ਪਾਸੇ ਸਟੇਟ ਵੱਲੋਂ ਰੂੜੀਵਾਦੀ ਕਦਰਾਂ-ਕੀਮਤਾਂ ਦੀ ਵੀ ਪੂਰੀ ਤਰ੍ਹਾਂ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ। ਇਸ ਕਰਕੇ ਟੀ.ਵੀ. ਦੇ ਇੱਕੀਵੀਂ ਸਦੀ ਵਾਲੇ ਪਾਤਰ ਹੀ ਟੁੱਬੀਆਂ ਮਾਰਦੇ ਦਿਖਾਏ ਹਨ। ਸੰਗੀਤ ਦੀ ਲੈਅਬੱਧ ਹੁੰਦਿਆਂ ਐਕਸ਼ਨ ਫ਼ਰੀਜ਼ ਹੁੰਦਾ ਹੈ।

ਆਵਾਜ਼ :

ਗੱਲਾਂ ਇੱਕੀਵੀਂ ਸਦੀ ਦੀਆਂ ਚਲਦੀਆਂ ਨੇ
ਟੁੱਬੀਆਂ ਪਹਿਲੀ ਸਦੀ ਵਿਚ ਵੱਜਦੀਆਂ ਨੇ
ਇਹੋ ਗਲ ਹੈ ਸਾਨੂੰ ਖਾ ਰਹੀ
ਭੱਠਾ ਦੇਸ਼ ਦਾ ਹੈ ਬਹਾ ਰਹੀ
ਵੀਹਵੀਂ ਸਦੀ ਹੈ ਜਾ ਰਹੀ ਇੱਕੀਵੀਂ ਸਦੀ ਹੈ ਆ ਰਹੀ

*(ਨਗਾਰੇ ਦੀ ਤਾਲ ਤੇਜ਼ ਹੁੰਦੀ ਹੈ। ਫਰੀਜ਼ ਕੰਪੋਜ਼ੀਸ਼ਨ ਟੁੱਟ*

*ਜਾਂਦੀ ਹੈ। ਪਾਤਰ ਏਧਰ-ਉਧਰ ਭੱਜਦੇ-ਨੱਸਦੇ ਹਨ ਤੇ ਸੰਗੀਤਬੱਧ ਹੋਣ 'ਤੇ ਦੂਜਾ ਸੀਨ ਸ਼ੁਰੂ ਹੋ ਜਾਂਦਾ ਹੈ। ਹੁਣ ਇਕ ਨਵੀਂ ਕੰਪੋਜੀਸ਼ਨ ਹੈ। ਤਿੰਨ ਵਰਕਰ ਮਸ਼ੀਨ 'ਤੇ ਕੰਮ ਕਰਦੇ ਵਿਖਾਈ ਦੇਂਦੇ ਹਨ। ਮੋਟਾ ਮਾਲਕ ਆਉਂਦਾ ਹੈ, ਇਸ ਪਾਤਰ ਦੇ ਢਿੱਡ ਥੱਲੇ ਗੋਲ ਹਵਾ ਵਾਲਾ ਸਿਰਹਾਣਾ ਦੇਣਾ ਹੈ, ਕਿਉਂਕਿ ਨਾਟਕ ਵਿਚ ਅੱਗੇ ਜਾ ਕੇ ਇਸ ਦੇ ਫੁੱਲੇ ਹੋਏ ਪੇਟ ਵਿਚੋਂ ਹਵਾ ਕੱਢਣੀ ਹੈ।)*

ਮਾਲਕ : ਰਾਮ ਲਾਲ...ਤੂੰ ਇਸ ਮਸ਼ੀਨ 'ਤੇ ਕਿੰਨੇ ਸਾਲ ਕੰਮ ਕੀਤਾ ?

ਹਰਬੰਸ ਸਿੰਘ : ਜੀ ਵੀਹ ਸਾਲ ਕੰਮ ਕੀਤਾ।

ਮਾਲਕ : ਚਰਾਗ ਦੀਨ ਤੂੰ ਇਸ ਮਸ਼ੀਨ 'ਤੇ ਕਿੰਨੇ ਸਾਲ ਕੰਮ ਕੀਤਾ ਹੈ ?

ਇਕ : ਮੇਰਾ ਵੀ ਚੰਗਾ ਹੈ...ਤੂੰ ਕੀ ਕਰਦਾ ਏਂ ?

ਦੋ : ਜੋ ਮੇਰਾ ਮਾਲਕ ਮੇਰੇ ਕੋਲੋਂ ਕਰਵਾਉਂਦਾ ਏ...ਤੂੰ ਕੀ ਕਰਦਾ ਏਂ ?

ਇਕ : ਮੈਂ ਵੀ ਉਹੀ ਕਰਦਾ ਹਾਂ ਜੋ ਮੇਰਾ ਮਾਲਕ ਮੇਰੇ ਕੋਲੋਂ ਕਰਵਾਉਂਦਾ।

ਦੋ : ਤੇਰਾ ਮਾਲਕ ਕੀ ਕਰਦਾ ਏ ?

ਇਕ : ਕੁਝ ਨਹੀਂ ਕਰਦਾ...ਬਸ ਖਾਂਦਾ ਏ...ਤੇਰਾ ਮਾਲਕ ਕੀ ਕਰਦਾ ਏ ?

ਦੋ : ਉਹ ਵੀ ਕੁਝ ਨਹੀਂ ਕਰਦਾ...ਬਸ ਖਾਂਦਾ ਏ। ਤੇਰਾ ਮਾਲਕ ਕਿੰਨਾ ਖਾਂਦਾ ਏ ?

ਇਕ : ਬੜਾ ਖਾਂਦਾ ਏ...ਤੇਰਾ ਮਾਲਕ ਕਿੰਨਾ ਖਾਂਦਾ ਏ ?

ਦੋ : ਉਹ ਵੀ ਬੜਾ ਖਾਂਦਾ ਏ...ਉਹਦਾ ਪੇਟ ਮੋਟਾ ਏ। ਤੇਰੇ ਮਾਲਕ ਦਾ ਪੇਟ ਕਿਹੋ ਜਿਹਾ ਏ ?

ਇਕ : ਉਹ ਵੀ ਬੜਾ ਮੋਟਾ ਏ...ਉਹਦੇ ਪੇਟ ਵਿਚ ਗੈਸ ਭਰੀ ਏ...ਤੇਰੇ ਮਾਲਕ ਦੇ ਪੇਟ ਵਿਚ ਕੀ ਭਰਿਆ ਏ ?

ਦੋ : ਉਹਦੇ ਵਿਚ ਵੀ ਗੈਸ ਭਰੀ ਏ...(ਵਰਕਰਾਂ ਵੱਲ ਵੇਖ ਕੇ) ਇਹ ਲੋਕ ਕੌਣ ਨੇ ?

ਇਕ : ਹੱਥ ਨਾਲ ਕੰਮ ਕਰਨ ਵਾਲੇ ਨੇ।

ਦੋ : ਇਹ ਉਦਾਸ ਕਿਉਂ ਬੈਠੇ ਨੇ ?

ਇਕ : ਇਹ ਭੁੱਖੇ ਨੇ।

ਦੋ : ਇਹ ਭੁੱਖੇ ਕਿਉਂ ਨੇ ?

ਇਕ : ਇਨ੍ਹਾਂ ਕੋਲ ਰੋਟੀ ਨਹੀਂ।

ਦੋ : ਇਨ੍ਹਾਂ ਦੀ ਰੋਟੀ ਕੌਣ ਖੋਹ ਕੇ ਲੈ ਗਿਆ ਏ ?

ਇਕ : ਜਿਨ੍ਹਾਂ ਦੇ ਪੇਟ ਮੋਟੇ ਨੇ।

ਦੋ : ਉਨ੍ਹਾਂ ਦੇ ਪੇਟ ਮੋਟੇ ਕਿਉਂ ਨੇ ?

ਇਕ : ਕਿਉਂਕਿ ਉਨ੍ਹਾਂ ਵਿਚ ਗੈਸ ਭਰੀ ਏ।

ਦੋ : ਉਨ੍ਹਾਂ ਕੋਲ ਖਾਣ ਲਈ ਬਹੁਤ ਕਿਉਂ ਏ ?
ਇਕ : ਕਿਉਂਕਿ ਇਨ੍ਹਾਂ ਕੋਲ ਖਾਣ ਲਈ ਕੁਝ ਨਹੀਂ।
ਦੋ : ਇਨ੍ਹਾਂ ਕੋਲ ਖਾਣ ਲਈ ਕਿਉਂ ਨਹੀਂ ?
ਇਕ : ਕਿਉਂਕਿ ਇਹ ਬੇਰੁਜ਼ਗਾਰ ਨੇ।
ਦੋ : ਇਹ ਬੇਰੁਜ਼ਗਾਰ ਕਿਉਂ ਨੇ ?
ਇਕ : ਕਿਉਂਕਿ ਅਸੀਂ ਇਨ੍ਹਾਂ ਦਾ ਕੰਮ ਖੋਹ ਲਿਆ ਹੈ।
ਦੋ : (ਸੋਚ ਕੇ) ਇਹ ਮਾੜੀ ਗੱਲ ਏ।
ਇਕ : ਹਾਂ, ਇਹ ਬੜੀ ਮਾੜੀ ਗੱਲ ਏ।
ਦੋ : ਅਸੀਂ ਇਨ੍ਹਾਂ ਨੂੰ ਜਗਾਈਏ।
ਇਕ : ਕਿਉਂ ?
ਦੋ : ਅਸੀਂ ਇਨ੍ਹਾਂ ਨਾਲ ਗੱਲਾਂ ਕਰੀਏ।
ਇਕ : ਕੀ ?
ਦੋ : ਅਸੀਂ ਇਨ੍ਹਾਂ ਦੇ ਦੋਸਤ ਹਾਂ।
ਇਕ : ਪਰ ਅਸੀਂ ਸੇਵਾ ਹਮੇਸ਼ਾ ਮੋਟੇ ਢਿੱਡਾਂ ਦੀ ਕਰਦੇ ਹਾਂ।
ਦੋ : ਕਿਉਂਕਿ ਮੋਟੇ ਢਿੱਡਾਂ ਦਾ ਰਾਜ ਏ, ਅਸੀਂ ਇਨ੍ਹਾਂ ਨੂੰ ਆਖੀਏ।
ਇਕ : ਕੀ ?
ਦੋ : ਤੁਸੀਂ ਉਦਾਸ ਨਾ ਹੋਵੋ।
ਇਕ : ਹੋਰ ?
ਦੋ : ਤੁਸੀਂ ਹਿੰਮਤ ਕਰੋ।
ਇਕ : ਹੋਰ ?
ਦੋ : ਮੋਟੇ ਢਿੱਡਾਂ ਵਾਲਿਆਂ ਕੋਲੋਂ ਰਾਜ ਖੋਹਵੋ।
ਇਕ : (ਖ਼ੁਸ਼ ਹੋ ਕੇ) ਫੇਰ ਅਸੀਂ ਇਨ੍ਹਾਂ ਦੀ ਸੇਵਾ ਕਰਾਂਗੇ।
ਦੋ : ਹਾਂ, ਇਹ ਸਾਡੇ ਸਾਥੀ ਨੇ...ਸਾਡੇ ਵਾਕੁਣ ਹੱਥਾਂ ਨਾਲ ਕੰਮ ਕਰਨ ਵਾਲੇ।

*(ਦੋਨੋਂ ਰੋਬਰਟ ਬੈਠੇ ਵਰਕਰਾਂ ਕੋਲ ਜਾਂਦੇ ਹਨ।)*

ਇਕ : ਸਾਥੀ ਲਾਲ ਸਲਾਮ।
ਦੋ : ਸਾਥੀ ਲਾਲ ਸਲਾਮ।

*(ਤਿੰਨੋਂ ਵਰਕਰ ਸਿਰ ਚੁੱਕਦੇ ਹਨ। ਉਹ 1, 2 ਅਤੇ 3 ਹਨ।)*

1 : ਤੁਸੀਂ ਸਾਡੇ ਸਾਥੀ ਨਹੀਂ।
2 : ਤੁਸੀਂ ਸਾਡਾ ਕੰਮ ਖੋਹਿਆ ਏ।
3 : ਤੁਸੀਂ ਸਾਡੇ ਪੇਟ ਨੂੰ ਲੱਤ ਮਾਰੀ ਏ।
ਇਕ : ਨਹੀਂ, ਅਸੀਂ ਤੁਹਾਡੇ ਸਾਥੀ ਹਾਂ।

ਦੋ : ਅਸੀਂ ਮਸ਼ੀਨੀ ਮਨੁੱਖ ਹਾਂ।
ਇਕ : ਅਸੀਂ ਸਾਇੰਸ ਦੇ ਪੁੱਤਰ ਹਾਂ।
ਦੋ : ਸਾਇੰਸ ਜੋ ਮਨੁੱਖ ਦੀ ਸੋਚ ਦਾ ਸਿਖਰ ਹੈ...ਇਕ ਸਾਇੰਸ ਜੋ ਮਨੁੱਖ ਦੀ ਸਾਥੀ ਹੈ।
1 : ਤੁਸੀਂ ਸਾਡਾ ਰੁਜ਼ਗਾਰ ਖੋਹਿਆ।
ਇਕ ਤੇ ਦੋ : (ਇਕੱਠੇ) ਕਸੂਰ ਸਾਡਾ ਨਹੀਂ।
3 : ਤੁਸੀਂ ਸਾਡੀ ਇੱਜ਼ਤ ਹੋਈ।
ਇਕ ਤੇ ਦੋ : (ਇਕੱਠੇ) ਕਸੂਰ ਸਾਡਾ ਨਹੀਂ।
1,2,3 : ਫੇਰ ਇਹ ਕਸੂਰ ਕਿਸ ਦਾ ਹੈ ?
ਇਕ : ਇਸ ਦਸਤੂਰ ਦਾ।
ਦੋ : ਹਾਂ, ਇਸ ਦਸਤੂਰ ਦਾ।
1 : ਕਿਸ ਦਸਤੂਰ ਦਾ
2 : ਹਾਂ, ਕਿਸ ਦਸਤੂਰ ਦਾ ?
3 : ਹਾਂ ਹਾਂ, ਕਿਸ ਦਸਤੂਰ ਦਾ
ਇਕ : ਜਿਸ ਕਾਰਨ ਕਈਆਂ ਦੇ ਢਿੱਡ ਕੁੱਪੇ ਹਨ।
ਦੋ : ਜਿਸ ਕਾਰਨ ਕਈਆਂ ਦੀਆਂ ਹੱਡੀਆਂ 'ਚ ਭੁੱਖ ਏ।
1, 2, 3 : ਇਹ ਦਸਤੂਰ ਕੌਣ ਬਦਲੇਗਾ ?
ਇਕ : ਇਹ ਦਸਤੂਰ ਤੁਸੀਂ ਬਦਲੋਗੇ।
ਦੋ : ਤੁਸੀਂ ਹਿੰਮਤ ਕਰੋ...ਅਸੀਂ ਤੁਹਾਡੇ ਨਾਲ ਹਾਂ।
ਇਕ : ਅਸੀਂ ਤੁਹਾਡੇ ਦੋਸਤ ਹਾਂ।
ਦੋ : ਅਸੀਂ ਸਾਇੰਸ ਦੇ ਪੁੱਤਰ ਹਾਂ।
ਇਕ : ਸਾਇੰਸ ਹਮੇਸ਼ਾ ਮਨੁੱਖ ਦੀ ਦੋਸਤ ਰਹੀ ਹੈ।
ਦੋ : ਤੁਸੀਂ ਅਸਲੀ ਮਨੁੱਖ ਹੋ।
ਇਕ : ਤੁਸੀਂ ਆਪਣੇ ਹੱਥਾਂ ਨਾਲ ਕੰਮ ਕਰਦੇ ਹੋ।
ਦੋ : ਤੁਸੀਂ ਕਿਸੇ ਦੀ ਲੁੱਟ ਨਹੀਂ ਕਰਦੇ।
ਇਕ : ਤੁਸੀਂ ਆਪ ਵੀ ਖਾਣਾ ਚਾਹੁੰਦੇ ਹੋ।
ਦੋ : ਤੇ ਚਾਹੁੰਦੇ ਹੋ ਦੂਜੇ ਵੀ ਖਾਣ।
ਇਕ : ਉਹ ਆਉਂਦਾ ਪਿਆ ਏ, ਮੋਟਾ ਢਿੱਡ।
ਦੋ : ਹੱਥ ਚੁੱਕੋ...(ਉਨ੍ਹਾਂ ਤਿੰਨਾਂ ਦੇ ਹੱਥ ਬੰਦ ਮੁੱਠੀਆਂ ਬਣ ਕੇ ਚੁੱਕਦੇ ਹਨ।)
ਇਕ : ਤੁਸੀਂ ਅੱਗੋਂ ਵਾਰ ਕਰੋਗੇ।
ਦੋ : ਅਸੀਂ ਪਿੱਛੋਂ ਵਾਰ ਕਰਾਂਗੇ।

ਇਕ : ਤੁਸੀਂ ਖੱਬਿਓਂ ਵਾਰ ਕਰੋ।
ਦੋ : ਅਸੀਂ ਸੱਜਿਓਂ ਵਾਰ ਕਰਾਂਗੇ।
ਇਕ : ਤੁਸੀਂ ਬਾਹਰੋਂ ਵਾਰ ਕਰੋ।
ਦੋ : ਅਸੀਂ ਅੰਦਰੋਂ ਵਾਰ ਕਰਾਂਗੇ।

*(ਹੱਥ ਨਾਲ ਹੱਥ ਮਿਲਾਉਂਦੇ ਹਨ—ਤਿੰਨੇ ਵਰਕਰ ਬਾਹਰ ਵੱਲ ਪੁਜ਼ੀਸ਼ਨਾਂ ਲੈ ਲੈਂਦੇ ਹਨ। ਰੋਬਰਟ ਇਕ ਤੇ ਦੋ ਮੋਟੇ ਮਾਲਕ ਵੱਲ ਵਧਦੇ ਹਨ ਤੇ ਜਾਂਦਿਆਂ ਹੀ ਉਹਦੇ ਢਿੱਡ 'ਤੇ ਮੁੱਕਾ ਮਾਰ ਦੇਂਦੇ ਹਨ।)*

ਮਾਲਕ : ਇਹ ਕੀ ਕਰਦੇ ਹੋ ?
ਇਕ : (ਇਕ ਹੋਰ ਲਗਾ ਕੇ) ਸਲਾਮ ਕਰਦੇ ਹਾਂ।
ਦੋ : (ਇਕ ਹੋਰ ਲਗਾ ਕੇ) ਪ੍ਰਣਾਮ ਕਰਦੇ ਹਾਂ।
ਮਾਲਕ : ਇਹ ਕੀ ਤਰੀਕਾ ਹੋਇਆ।
ਇਕ : ਤਰੀਕਾ ਬਦਲ ਗਿਆ ਹੈ।
ਦੋ : ਕਦੀ ਦਾਦੇ ਦੀਆਂ ਕਦੀ ਪੋਤੇ ਦੀਆਂ।
ਮਾਲਕ : ਇਹ ਲੋਕ ਕੌਣ ਨੇ।
ਇਕ : ਇਹ ਸਾਡੇ ਸਾਥੀ ਨੇ
ਦੋ : ਇਹ ਸਾਡੇ ਯਾਰ ਨੇ।
ਮਾਲਕ : ਗੁਲਾਮਾਂ ਦਾ ਕੋਈ ਯਾਰ ਨਹੀਂ ਹੁੰਦਾ।
ਇਕ : ਅਸੀਂ ਗੁਲਾਮ ਨਹੀਂ।

*(ਢਿੱਡ 'ਤੇ ਇਕ ਮਾਰਦਾ ਹੈ।)*

ਮਾਲਕ : ਮੈਂ ਤੁਹਾਨੂੰ ਸਾਕਾਰ ਕੀਤਾ ਹੈ...ਮੈਂ ਤੁਹਾਡਾ ਸਿਰਜਨਹਾਰ ਹਾਂ।
ਇਕ : ਨਹੀਂ, ਅਸੀਂ ਮਨੁੱਖ ਦੇ ਪੁੱਤਰ ਹਾਂ।
ਦੋ : ਮਨੁੱਖ ਸਾਡਾ ਸਿਰਜਣਹਾਰ ਹੈ।
ਮਾਲਕ : ਮੈਂ ਤੁਹਾਨੂੰ ਭਸਮ ਕਰ ਦੇਵਾਂਗਾ।
ਇਕ : ਇਹ ਹੁਣ ਤੇਰੇ ਵੱਸ ਨਹੀਂ।
ਦੋ : ਇਕ ਵਾਰੀ ਅਸੀਂ ਸਾਕਾਰ ਹੋ ਜਾਈਏ।
ਇਕ : ਫੇਰ ਸਾਨੂੰ ਕੋਈ ਭਸਮ ਨਹੀਂ ਕਰ ਸਕਦਾ।
ਮਾਲਕ : ਤੁਸੀਂ ਨਮਕ ਹਰਾਮ ਹੋ।
ਇਕ : ਅਸੀਂ ਨਮਕ ਦਾ ਮੁੱਲ ਚੁਕਾਵਾਂਗੇ।
ਦੋ : ਅਸੀਂ ਮਨੁੱਖ ਦੀ ਸੇਵਾ ਕਰਾਂਗੇ।
ਮਾਲਕ : ਦੇਖਾਂਗਾ...।
ਇਕ : ਦੇਖੇਗਾ ਕੀ ? ਹੁਣੇ ਵਿਖਾ ਦੇਵਾਂਗੇ।

ਦੋ : ਮੁੱਕੇ ਸਾਡੇ...ਮਜ਼ਾ ਤੈਨੂੰ ਚਖਾ ਦੇਵਾਂਗੇ।

*(ਸੰਗੀਤ ਦੀ ਲੈਅ ਵਿਚ ਢਿੱਡ 'ਤੇ ਮੁੱਕੇ ਮਾਰਨ ਲੱਗ ਪੈਂਦੇ ਹਨ। ਮੋਟੇ ਬੰਦੇ ਦੀ ਕੁਟਾਈ ਹੁੰਦੀ ਹੈ। ਇਥੇ ਐਕਟਿੰਗ ਦੀ ਸ਼ੈਲੀ ਕਾਰਟੂਨ ਫ਼ਿਲਮਾਂ ਵਾਲੀ ਸ਼ੈਲੀ ਹੈ। ਮੋਟਾ ਆਦਮੀ ਚੱਕਰ ਖਾਂਦਾ ਤਿੰਨਾਂ ਵਰਕਰਾਂ ਕੋਲ ਵਾਰੀ-ਵਾਰੀ ਜਾਂਦਾ ਹੈ।)*

ਮਾਲਕ : ਰਾਮ ਲਾਲ ਬਚਾ ਲੈ...ਮੈਂ ਤੇਰੀ ਮੈਲੀ ਗੰਗਾ ਸਾਫ਼ ਕਰਾਵਾਂਗਾ...(ਉਹ ਅੱਗੋਂ ਮੁੱਕਾ ਦਿਖਾਂਦਾ ਹੈ)...ਹਰਬੰਸ ਸਿੰਘ ਬਚਾ ਲੈ...ਮੈਂ ਤੈਨੂੰ ਤਖਤ 'ਤੇ ਬਿਠਾਵਾਂਗਾ...(ਉਹ ਵੀ ਅੱਗੋਂ ਮੁੱਕਾ ਦਿਖਾਂਦਾ ਹੈ।) ਚਰਾਗਦੀਨਾ ਤੂੰਹੀਓਂ ਬਹੁੜ...ਤੇਰੇ ਲਈ ਨਵਾਂ ਸ਼ਰੀਅਤ ਦਾ ਕਾਨੂੰਨ ਬਣਾਵਾਂਗਾ... (ਉਹ ਵੀ ਅੱਗੋਂ ਮੁੱਕਾ ਦਿਖਾਂਦਾ ਹੈ।)

*(ਸੰਗੀਤ ਦੀ ਲੈਅ ਤੇਜ਼ ਹੁੰਦੀ ਹੈ। ਮੋਟਾ ਅਖ਼ੀਰ ਹਫ਼ ਕੇ ਡਿੱਗ ਪੈਂਦਾ ਹੈ। ਇਹ ਨਾਚ ਦੀ ਸ਼ਕਲ ਵਿਚ ਹੈ। ਇਕ ਰੋਬਰਟ ਉਹਦੇ 'ਤੇ ਪੈਰ ਰੱਖਦਾ ਹੈ। ਉਹਦੀ ਫੂਕ ਨਿਕਲ ਜਾਂਦੀ ਹੈ। ਸੰਗੀਤ ਦੀ ਸਹਾਇਤਾ ਨਾਲ ਇਸ ਨੂੰ ਸਪੱਸ਼ਟ ਤਰੀਕੇ ਨਾਲ ਪੇਸ਼ ਕਰਨਾ ਹੈ। ਸੰਗੀਤ ਝਟਕੇ ਨਾਲ ਬੰਦ ਹੁੰਦਾ ਹੈ। ਕੁਝ ਚਿਰ ਲਈ ਸਭ ਕੁਝ ਫ਼ਰੀਜ਼ ਹੋ ਜਾਂਦਾ ਹੈ। ਫੇਰ ਤੇਜ਼ ਠਾਪ 'ਤੇ ਨਵੀਂ ਕੰਪੋਜ਼ੀਸ਼ਨ ਬਣ ਜਾਂਦੀ ਹੈ। ਇਹ ਪਹਿਲੇ ਵਾਂਗ ਟੈਲੀਵਿਜ਼ਨ ਦੀ ਕੰਪੋਜ਼ੀਸ਼ਨ ਹੈ। ਪਰ ਹੁਣ ਸਕਰੀਨ 'ਤੇ ਬੰਦ ਮੁੱਠੀ ਵਾਲਾ ਵਰਕਰ ਹੈ।)*

ਸਰਕੀਨ ਵਾਲਾ : ਅਸੀਂ ਇੱਕੀਵੀਂ ਸਦੀ ਵਿਚ ਦਾਖ਼ਲ ਹੋ ਰਹੇ ਹਾਂ...ਇਹ ਸਦੀ ਵਿਗਿਆਪਨ ਦੀ ਹੋਵੇਗੀ...ਇਹ ਸਦੀ ਤਕਨੀਕ ਦੀ ਹੋਵੇਗੀ, ਪਰ (ਉੱਚੀ ਸੁਰ ਵਿਚ) ਇਹ ਸਦੀ ਮਨੁੱਖ ਦੀ ਹੋਵੇਗੀ...ਮਨੁੱਖ ਆ ਰਿਹਾ ਹੈ...(ਟੈਲੀਵਿਜ਼ਨ ਦੀ ਸਾਰੀ ਕੰਪੋਜ਼ੀਸ਼ਨ ਅੱਗੇ ਵਧਦੀ ਹੈ) ਮਨੁੱਖ ਆ ਰਿਹਾ ਹੈ।

ਪਿੱਛੋਂ ਆਵਾਜ਼ :
ਸਮੇਂ ਦੀ ਚੁਣੌਤੀ ਮਨੁੱਖ ਨੇ ਕਰ ਲਈ ਹੈ ਕਬੂਲ
ਹੋਣੀ ਵਿਚ ਉਸ ਪਛਾਣਿਆ ਆਪਣਾ ਹੈ ਮੂਲ
ਸਾਇੰਸ ਨੂੰ ਬਣਾ ਕੇ ਆਪਣਾ ਸਹਿਯੋਗੀ
ਸੋਗਾਤ ਜ਼ਿੰਦਗੀ ਦੀ ਉਸ ਨੇ ਹੈ ਪਾ ਲਈ
ਵੀਹਵੀਂ ਸਦੀ ਹੈ ਜਾ ਰਹੀ ਇੱਕੀਵੀਂ ਸਦੀ ਹੈ ਆ ਰਹੀ

*(ਟੈਲੀਵਿਜ਼ਨ ਦੀ ਕੰਪੋਜ਼ੀਸ਼ਨ ਚੱਲਦੀ ਰੁਕ ਜਾਂਦੀ ਹੈ।) ਸਕਰੀਨ 'ਤੇ ਵਰਕਰ ਜਿੱਤ ਦੀ ਮੁਦਰਾ ਵਿਚ ਫ਼ਰੀਜ਼ ਹੋ ਜਾਂਦਾ ਹੈ।)*

*ਸਮਾਪਤ*